# काली मेरी माई कालका

ਕਾਲੀ ਮੇਰੀ ਮਾਈ ਕਾਲਕਾ, ਕਾਲੀ ਮੇਰੀ ਮਾਈ ॥
ਚੰਡੀ ਰੂਪ, ਨਿਰਾਲਾ ਮਾਂ ਦਾ ॥,
*ਕੰਬਦੀ ਵੇਖ ਖ਼ੁਦਾਈ,,,
ਕਾਲੀ ਮੇਰੀ ਮਾਈ ਕਾਲਕਾ,,,,,,,,,,,,,,,,,,

ਕਾਲੇ ਸ਼ਸਤਰ, ਕਾਲ਼ਾ ਬਾਣਾ,
"ਨੈਣਾਂ ਦੇ ਵਿੱਚ ਲਾਲੀ" । ( ਮਾਂ ਦੇ )
ਖੁੱਲੇ ਕਾਲੇ, ਕੇਸ ਮਈਆ ਦੇ,
"ਸਾਰੇ ਜੱਗ ਦੀ ਬਾਲੀ" ॥ ( ਮਈਆ )
ਥਰ ਥਰ ਕੰਬਦੇ, ਪਾਪੀ ਮਾਂ ਤੋਂ ॥,
*ਪਾਉਂਦੇ ਫਿਰਨ ਦੁਹਾਈ,,,
ਕਾਲੀ ਮੇਰੀ ਮਾਈ ਕਾਲਕਾ,,,,,,,,,,,,,,,,,,F

ਗੜੂ-ਗੜੂ ਗੜੂ-ਗੜੂ, ਬਦਲ ਗਰਜ਼ੇ,
"ਕੜ ਕੜ ਖੰਡਾ ਚੱਲੇ" । ( ਮਾਂ ਦਾ )
ਪਾਣੀ ਵੀ ਨਾ, ਮੰਗਦਾ ਦਾਤੀ,
"ਹੋ ਜਾਏ ਜੀਹਦੇ ਵੱਲ੍ਹੇ" ॥ ( ਮਈਆ )
ਇੱਕ ਹੱਥ ਖੱਪਰ, ਗਲ਼ ਵਿੱਚ ਮਾਂ ਨੇ ॥,
*ਮੁੰਡਨ ਮਾਲਾ ਪਾਈ,,,
ਕਾਲੀ ਮੇਰੀ ਮਾਈ ਕਾਲਕਾ,,,,,,,,,,,,,,,,,,F

ਦੇਵ ਲੋਕ ਵਿੱਚ, ਹਲਚਲ ਮੱਚੀ,
"ਕੇਹੜਾ ਮਾਂ ਨੂੰ ਝੱਲੇ" ।
ਬ੍ਰਹਮਾ ਵਿਸ਼ਨੂੰ, ਇੱਕਠੇ ਹੋ ਕੇ,
"ਸ਼ਿਵ ਸ਼ੰਕਰ ਵੱਲ ਚੱਲੇ" ॥
ਬਾਲ ਰੂਪ ਵਿੱਚ, ਆ ਗਏ ਸ਼ੰਕਰ ॥,
*ਬਖਸ਼ੋ ਹੇ ਮਹਾਂਮਾਈ,,,
ਕਾਲੀ ਮੇਰੀ ਮਾਈ ਕਾਲਕਾ,,,,,,,,,,,,,,,,,,F

ਅਪਲੋਡਰ- ਅਨਿਲਰਾਮੂਰਤੀਭੋਪਾਲ

https://bhajanganga.com/bhajan/lyrics/id/27304/title/kali-meri-mayi-kalka

अपने Android मोबाइल पर BhajanGanga App डाउनलोड करें और भजनों का आनंद ले |